
ਵਿਸ਼ਾ ਪੰਜਾਬੀ ਜਮਾਤ ਸੱਤਵੀਂ ਸਾਲ 2020 ਮਹੀਨਾ ਅਪ੍ਰੈਲ

# ਪਾਠ 1 ਵਣਜਾਰਾ



ਪ੍ਰਸ਼ਨ:-ਵੱਖ-ਵੱਖ ਧਰਮਾਂ ਲਈ ਵਣਜਾਰਾ ਕੀ ਸੰਦੇਸ਼ ਦਿੰਦਾ ਹੈ?

ਉੱਤਰ:-ਵੱਖ-ਵੱਖ ਧਰਮਾਂ ਲਈ ਵਣਜਾਰਾ ਪਿਆਰ ਤੇ ਏਕਤਾ ਨਾਲ ਰਹਿਣ ਦਾ ਸੰਦੇਸ਼ ਦਿੰਦਾ ਹੈ।

ਪ੍ਰਸ਼ਨ:-ਗੀਤ ਅਨੁਸਾਰ ਨਫ਼ਰਤ ਮਨੁੱਖ ਲਈ ਕਿਵੇਂ ਨੁਕਸਾਨਦਾਇਕ ਹੈ?

ਉੱਤਰ:-ਗੀਤ ਅਨੁਸਾਰ ਨਫ਼ਰਤ ਮਨੁੱਖ ਨੂੰ ਨਾ ਸੌਣ ਦਿੰਦੀ ਹੈ, ਨਾ ਹੱਸਣ ਦਿੰਦੀ ਹੈ ਅਤੇ ਨਾ ਹੀ ਰੋਣ ਦਿੰਦੀ ਹੈ। ਨਫ਼ਰਤ ਹੀ ਸਾਰੇ ਦੁੱਖਾਂ ਦਾ ਕਾਰਨ ਹੈ।

ਪ੍ਰਸ਼ਨ:-ਏਕੇ ਬਾਰੇ ਕਵੀ ਕੀ ਕਹਿੰਦਾ ਹੈ?

ਉੱਤਰ:-ਏਕੇ ਬਾਰੇ ਕਵੀ ਕਹਿੰਦਾ ਹੈ ਕਿ ਏਕੇ ਵਿੱਚ ਹੀ ਤਾਕਤ ਹੁੰਦੀ ਹੈ।

ਪ੍ਰਸ਼ਨ:-ਇਸ ਗੀਤ ਨੂੰ ਪੜ੍ਹ ਕੇ ਤੁਸੀਂ ਕੀ ਮਹਿਸੂਸ ਕਰਦੇ ਹੋ?

ਉੱਤਰ:-ਇਸ ਗੀਤ ਨੂੰ ਪੜ੍ਹ ਕੇ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਰਲ-ਮਿਲ ਕੇ ਪਿਆਰ ਨਾਲ ਰਹਿਣਾ ਚਾਹੀਦਾ ਹੈ।

ਪ੍ਰਸ਼ਨ 2 :-ਹੇਠ ਲਿਖੀਆਂ ਸਤਰਾਂ ਦਾ ਕੀ ਭਾਵ ਹੈ?

ਨਾ ਕੋਈ ਉਚ ਨਾ ਨੀਚ ਪਛਾਣੇ,ਸਭ ਨੂੰ ਆਪਣਾ ਜਾਣੇ,ਆਪਸ ਵਿੱਚ ਨੇ ਮੂਰਖ ਲੜਦੇ, ਲੜਦੇ ਨਹੀਂ ਸਿਆਣੇ।
ਏਕੇ ਵਿੱਚ ਹੈ ਸ਼ਕਤੀ ਹੁੰਦੀ, ਏਕਾ ਸਾਨੂੰ ਪਿਆਰਾ।

ਅਰਥ:- ਕਵੀ ਕਹਿੰਦਾ ਹੈ ਕਿ ਸਿਆਣੇ ਲੋਕ ਉਚ-ਨੀਚ ਨਹੀਂ ਪਛਾਣਦੇ ਅਤੇ ਸਭ ਲੋਕਾਂ ਨੂੰ ਆਪਣਾ ਹੀ ਮੰਨਦੇ ਹਨ। ਮੂਰਖ ਲੋਕ ਆਪਸ ਵਿੱਚ ਲੜਦੇ ਹਨ, ਸਿਆਣੇ ਨਹੀਂ । ਏਕਤਾ ਵਿੱਚ ਹੀ ਸ਼ਕਤੀ ਹੁੰਦੀ ਹੈ ਇਸ ਕਰਕੇ ਏਕਾ ਹੀ ਸਾਨੂੰ ਪਿਆਰਾ ਲਗਦਾ ਹੈ।

ਪ੍ਰਸ਼ਨ 3 ਹੇਠ ਲਿਖੀਆਂ ਕਵਿ-ਸਤਰਾਂ ਪੂਰੀਆਂ ਕਰੋ:


ੳ ਸੱਜੇ-ਖੱਬੇ ਦੀ ਗੱਲ ਛੱਡੋ; ਸਿੱਧੇ ਰਸਤੇ ਚੱਲੋ,
ਸਾਂਝਾ ਰਸਤਾ,ਸਾਂਝੀ ਮੰਜਲ; ਉਸ ਨੂੰ ਜਾ ਕੇ ਮੱਲੋ।

ਅ ਭਾਰਤ ਦੀ ਜੈ ਸਾਰੇ ਬੋਲੋ,ਭਾਰਤ ਸਾਨੂੰ ਪਿਆਰਾ,
ਬਸਤੀ-ਬਸਤੀ,ਜੰਗਲ-ਜੰਗਲ;ਗਾਉਂਦਾ ਹੈ ਵਣਜਾਰਾ।

## ਔਖੇ ਸ਼ਬਦਾਂ ਦੇ ਅਰਥ ਲਿਖੋ:

| | | |
|---|---|---|
| ਵਣਜਾਰਾ | : | ਵਪਾਰੀ |
| ਭਾਈਚਾਰਾ | : | ਭਰਾਵਾਂ ਵਾਲਾ ਸੰਬੰਧ |
| ਇਕਤਾਰਾ | : | ਇੱਕ ਤਾਰ ਵਾਲਾ ਸਾਜ਼ |
| ਮੰਜ਼ਲ | : | ਨਿਸ਼ਾਨਾ |

# ਪਾਠ-2 ਮੋਤੀ



ਪ੍ਰਸ਼ਨ:- ਇਸ ਕਹਾਣੀ ਵਿਚਲੇ ਲੜਕੇ ਨੂੰ ਮੋਤੀ ਕਿੱਥੋਂ ਅਤੇ ਕਿਵੇਂ ਮਿਲਿਆ ?

ਉੱਤਰ:-ਇਸ ਕਹਾਣੀ ਵਿਚਲੇ ਲੜਕੇ ਨੂੰ ਮੋਤੀ ਪਿਤਾ ਦੇ ਦੋਸਤ ਘਰੋਂ ਸੋਫ਼ੇ ਹੇਠੋਂ ਮਿਲਿਆ।

ਪ੍ਰਸ਼ਨ:-ਮੋਤੀ ਹੈਰਾਨ ਕਿਉਂ ਸੀ ?

ਉੱਤਰ:-ਮੋਤੀ ਇਸ ਕਰਕੇ ਹੈਰਾਨ ਸੀ ਕਿਉਂਕਿ ਉਸਦੇ ਮਾਲਕ ਨੇ ਉਸਦੀ ਸੰਗਲ਼ੀ ਇੱਕ ਨਿੱਕੇ ਜਿਹੇ ਬੱਚੇ ਨੂੰ ਫੜਾ ਦਿੱਤੀ ਸੀ।

ਪ੍ਰਸ਼ਨ:-ਮੋਤੀ ਕਾਰਨ ਲੜਕੇ ਨਾਲ ਸਕੂਲ ਵਿੱਚ ਕਿਹੜੀ ਘਟਨਾ ਵਾਪਰੀ ?

ਉੱਤਰ:-ਮੋਤੀ ਕਾਰਨ ਲੜਕੇ ਨੂੰ ਸਕੂਲ਼ ਵਿੱਚ ਮਾਸਟਰ ਜੀ ਕੋਲੋਂ ਮਾਰ ਖਾਣੀ ਪਈ ਸੀ,ਜਿਸਨੂੰ ਮਾਸਟਰ ਜੀ ਸੇਵੀਂਆਂ ਦਾ ਪ੍ਰਸ਼ਾਦ ਕਹਿੰਦੇ ਸਨ।

ਪ੍ਰਸ਼ਨ:-ਮੋਤੀ ਵਿੱਚ ਕਿਹੜੇ-ਕਿਹੜੇ ਗੁਣ ਸਨ ?

ਉੱਤਰ:-ਮੋਤੀ ਵਿੱਚ ਬਹੁਤ ਗੁਣ ਸਨ।ਉਹ ਘਰ ਦੀ ਰਾਖੀ ਕਰਦਾ ਸੀ।ਉਹ ਦੂਰ ਸੁੱਟੀ ਚੀਜ਼ ਨੂੰ ਚੁੱਕ ਲਿਆਂਉਂਦਾ ਸੀ।ਉਹ ਬਹੁਤ ਵਫ਼ਾਦਾਰ ਸੀ।

ਪ੍ਰਸ਼ਨ:-ਲੜਕੇ ਨੂੰ ਮੇਮ ਵੱਲੋਂ ਕਿਹੜੀਆਂ ਚੀਜ਼ਾ ਦੇ ਗੱਫੇ ਮਿਲਦੇ ਸਨ ਤੇ ਕਿਉਂ ?

ਉੱਤਰ:-ਲੜਕੇ ਨੂੰ ਮੇਮ ਵੱਲੋਂ ਦੁੱਧ,ਆਂਡੇ,ਕੇਕ,ਬਿਸਕੁਟ ਤੇ ਚਾਕਲੇਟ ਦੇ ਗੱਫੇ ਮਿਲਦੇ ਸਨ ਕਿਉਂਕਿ ਉਹ ਉਸ ਕੋਲੋਂ ਮੋਤੀ ਨੂੰ ਲੈਣਾ ਚਾਹੁੰਦੀ ਸੀ।

ਪ੍ਰਸ਼ਨ:-ਮੇਮ ਦੀਆਂ ਕਿਆਰੀਆਂ ਵਿੱਚ ਕਿਹੜੇ-ਕਿਹੜੇ ਫੁੱਲ ਖਿੜੇ ਹੋਏ ਸਨ?

ਉੱਤਰ:-ਮੇਮ ਦੀਆਂ ਕਿਆਰੀਆਂ ਵਿੱਚ ਗੁਲਾਬ ਅਤੇ ਟਿਊਲਿਪ ਦੇ ਫੁੱਲ ਖਿੜੇ ਹੋਏ ਸਨ।

ਪ੍ਰਸ਼ਨ:-ਦੱਸੋ ਮੋਤੀ ਦਾ ਸੁਭਾਅ ਕਿਹੋ-ਜਿਹਾ ਸੀ ?

ਉੱਤਰ:-ਮੋਤੀ ਪਿਸਤੀ ਨਸਲ ਦਾ ਬਹੁਤ ਸਿਆਣਾ ਤੇ ਵਫ਼ਾਦਾਰ ਕੁੱਤਾ ਸੀ।ਉਹ ਘਰ ਦੀ ਰਾਖੀ ਕਰਦਾ ਸੀ। ਇੱਕ ਵਾਰੀ ਮੋਤੀ ਨੇ ਉਸ ਲੜਕੇ ਦੇ ਪਿਤਾ ਦੀ ਸੱਪ ਕੋਲੋਂ ਜਾਨ ਬਚਾਈ ਸੀ।

## ਔਖੇ ਸ਼ਬਦਾਂ ਦੇ ਅਰਥ ਲਿਖੋ:

| | | |
|---|---|---|
| ਕਾਊਚ | : | ਸੋਫ਼ਾ |
| ਬੂਥੀ | : | ਮੂੰਹ |
| ਰੂਲ | : | ਡੰਡਾ |
| ਅਰਜ਼ੋਈ | : | ਬੇਨਤੀ |
| ਤ੍ਰਭਕੇ | : | ਡਰ ਕੇ |
| ਵਾਕਫ਼ | : | ਜਾਣਕਾਰ |
| ਮਨਜ਼ੂਰ | : | ਮੰਨਣਾ |

| | | |
|---|---|---|
| ਅਫ਼ਸੋਸਿਆ | : | ਚਿੰਤਾਤਰ |
| ਆਪਣੇ ਵੰਡੇ ਦਾ | : | ਆਪਣੇ ਹਿੱਸੇ ਦਾ |
| ਕਰੂੰਡੀਆ | : | ਇਕੱਠੇ ਹੋ ਕੇ ਬਹਿਣਾ |

ਪ੍ਰਸ਼ਨ ਨੰ 3 ਕਿਸ ਨੇ ਕਿਸ ਨੂੰ ਕਿਹਾ:-

ੳ:-"ਤੁਸੀਂ ਫੇਰ ਪੁਰਾਣੀਆਂ ਬਿਮਾਰੀਆਂ ਖ਼ਰੀਦਣ ਲੱਗ ਪਏ ਹੋ ਨਾ,ਜੀ।"

ਉੱਤਰ:- ਇਹ ਸ਼ਬਦ ਲੜਕੇ ਦੀ ਮਾਤਾ ਨੇ ਲੜਕੇ ਦੇ ਪਿਤਾ ਨੂੰ ਕਹੇ।

ਅ:- "ਇਹ ਕੁੱਤਾ ਮੇਰਾ ਹੀ ਹੈ।"

ਉੱਤਰ:-ਇਹ ਸ਼ਬਦ ਲੜਕੇ ਨੇ ਆਪਣੇ ਸਕੂਲ ਦੇ ਮਾਸਟਰ ਜੀ ਨੂੰ ਕਹੇ।

## ਪਾਠ-3 ਪੰਜਾਬ ਦੀ ਲੋਕ-ਗਾਇਕਾ: ਸੁਰਿੰਦਰ ਕੌਰ



ਪ੍ਰਸ਼ਨ:-ਸੁਰਿੰਦਰ ਕੌਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

ਉੱਤਰ:-ਸੁਰਿੰਦਰ ਕੌਰ ਦਾ ਜਨਮ 25 ਨਵੰਬਰ,1929 ਈਸਵੀ ਨੂੰ ਲਾਹੌਰ ਵਿਖੇ ਹੋਇਆ।

ਪ੍ਰਸ਼ਨ:-ਸੁਰਿੰਦਰ ਕੌਰ ਨੇ ਕਿਹੜੇ-ਕਿਹੜੇ ਉਸਤਾਦਾਂ ਤੋਂ ਗਾਇਕੀ ਦੀ ਸਿੱਖਿਆ ਪ੍ਰਾਪਤ ਕੀਤੀ ?

ਉੱਤਰ:-ਸੁਰਿੰਦਰ ਕੌਰ ਨੇ ਅਨਾਇਤ ਹੁਸੈਨ ਤੋਂ ਸਾਸਤਰੀ-ਸੰਗੀਤ ਦੀ ਸਿੱਖਿਆ ਲਈ ਅਤੇ ਕੁੰਦਨ ਲਾਲ ਸ਼ਰਮਾਂ ਤੋਂ ਕਾਫ਼ੀਆਂ ਗਾਉਣ ਦੀ ਸਿੱਖਿਆ ਲਈ ਸੀ।

ਪ੍ਰਸ਼ਨ:-'ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਦੀ ਪ੍ਰਸਿੱਧੀ ਵਧੀ' ਦੱਸੋ ਕਿਵੇਂ ?

ਉੱਤਰ:-ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਨੂੰ ਬਹੁਤ ਪ੍ਰਸਿਧੀ ਮਿਲੀ।ਲਾਹੌਰ ਰੇਡੀਓ ਸਟੇਸ਼ਨ ਤੇ ਗਾਏ ਗੀਤ ਨੇ ਸੁਰਿੰਦਰ ਕੌਰ ਨੂੰ ਫ਼ਰਸ਼ ਤੋਂ ਅਰਸ਼ ਤੱਕ ਪਹੁੰਚਾ ਦਿੱਤਾ।

ਪ੍ਰਸ਼ਨ:-ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਆਪ ਕੀ ਦੱਸਿਆ ?

ਉੱਤਰ:-ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਦੱਸਦੇ ਹੋਏ ਕਿਹਾ ਕਿ ਉਸਨੂੰ ਗਾਉਣ ਦਾ ਸ਼ੌਂਕ ਬਚਪਨ ਤੋਂ ਹੀ ਸੀ।ਇਹ ਸ਼ੌਂਕ ਉਸਨੂੰ ਰੱਬ ਨੇ ਹੀ ਲਾਇਆ ਸੀ।

ਪ੍ਰਸ਼ਨ:-ਸੁਰਿੰਦਰ ਕੌਰ ਦੇ ਗਾਏ ਗੀਤਾਂ ਵਿੱਚੋਂ ਕਿਹੜੇ-ਕਿਹੜੇ ਗੀਤ ਵੱਧ ਹਰਮਨ-ਪਿਆਰੇ ਹੋਏ ?

ਉੱਤਰ:-ਸੁਰਿੰਦਰ ਕੌਰ ਦੇ ਗਾਏ ਗੀਤ 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ', 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ' ਬਹੁਤ ਹਰਮਨ-ਪਿਆਰੇ ਹੋਏ ਹਨ।

ਪ੍ਰਸ਼ਨ:-'ਸਾਡਾ ਚਿੜੀਆਂ ਦਾ ਚੰਬਾ' ਗੀਤ ਸੁਰਿੰਦਰ ਕੌਰ ਦੇ ਪਰਿਵਾਰ ਦੇ ਜੀਆਂ ਵਿੱਚੋਂ ਹੋਰ ਕਿਸ-ਕਿਸ ਨੇ ਗਾਇਆ ?

ਉੱਤਰ:-'ਸਾਡਾ ਚਿੜੀਆਂ ਦਾ ਚੰਬਾ' ਗੀਤ ਸੁਰਿੰਦਰ ਕੌਰ ਦੇ ਜੀਆਂ ਵਿੱਚੋਂ ਪ੍ਰਕਾਸ਼ ਕੌਰ,ਨਰਿੰਦਰ ਕੌਰ,ਡੌਲੀ ਗੁਲੇਰੀਆ ਅਤੇ ਸੁਨੈਨਾ ਨੇ ਗਾਇਆ ਹੈ।

ਪ੍ਰਸ਼ਨ:-ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਕੀ ਯੋਗਦਾਨ ਪਾਇਆ ?

ਉੱਤਰ:-ਸੁਰਿੰਦਰ ਕੌਰ ਦੇ ਪਤੀ ਦਾ ਉਹਨਾਂ ਦੀ ਗਾਇਕੀ ਵਿੱਚ ਬਹੁਤ ਵੱਡਾ ਯੋਗਦਾਨ ਹੈ।ਉਹ ਆਪ ਲਈ ਵਧੀਆਂ ਕਵਿਤਾਵਾਂ ਲੱਭ ਕੇ ਲਿਆਉਂਦੇ ਅਤੇ ਆਪ ਨੂੰ ਉਤਸ਼ਾਹਿਤ ਕਰਦੇ।

ਪ੍ਰਸ਼ਨ:-ਕੀ ਕਾਰਨ ਸੀ ਕਿ ਸੁਰਿੰਦਰ ਕੌਰ ਗੀਤ ਪੇਸ਼ ਕਰਨ ਸਮੇਂ ਆਪਣੇ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ ?

ਉੱਤਰ:-ਸੁਰਿੰਦਰ ਕੌਰ ਆਪਣੀ ਸੁਰੀਲੀ ਅਵਾਜ਼ ਅਤੇ ਆਪਣੀ ਉੱਚੀ ਹੇਕ ਕਾਰਨ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ।

ਪ੍ਰਸ਼ਨ:- ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਥਾਂਵਾਂ 'ਤੇ ਗੀਤ ਪੇਸ਼ ਕੀਤੇ ?

ਉੱਤਰ:-ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਮੁੰਬਈ,ਕਲਕੱਤਾ,ਪੂਨਾ,ਮਦਰਾਸ,ਪਟਨਾ,ਦਿੱਲੀ,ਚੀਨ,ਰੂਸ,ਇੰਗਲੈਂਡ,ਕਨੇਡਾ,ਅਮਰੀਕਾ ਅਤੇ ਅਫਰੀਕਾ ਵਿੱਚ ਆਪਣਾ ਗੀਤ ਪੇਸ਼ ਕੀਤੇ।

**ਵਾਕਾਂ ਵਿੱਚ ਵਰਤੋ:-**

ਕਲਾਕਾਰ:-ਸੁਰਿੰਦਰ ਕੌਰ ਇੱਕ ਪ੍ਰਸਿੱਧ ਕਲਾਕਾਰ ਸੀ।

ਅੰਤਰਰਾਸ਼ਟਰੀ:-ਸੁਰਿੰਦਰ ਕੌਰ ਇੱਕ ਅੰਤਰਰਾਸ਼ਟਰੀ ਕਲਾਕਾਰ ਸੀ।

ਪ੍ਰਭਾਵਿਤ:-ਸੁਰਿੰਦਰ ਕੌਰ ਦੇ ਗੀਤਾਂ ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਹਰਮਨ-ਪਿਆਰੇ:-ਸੁਰਿੰਦਰ ਕੌਰ ਨੇ ਬਹੁਤ ਹਰਮਨ-ਪਿਆਰੇ ਗੀਤ ਗਾਏ।

ਸਿਰਕੱਢ:- ਸੁਰਿੰਦਰ ਕੌਰ ਇੱਕ ਸਿਰਕੱਢ ਕਲਾਕਾਰ ਸੀ।

ਹਿੰਦੁਸਤਾਨ:-ਅਸੀਂ ਹਿੰਦੁਸਤਾਨ ਦੇ ਵਾਸੀ ਹਾਂ।


ਸੱਭਿਆਚਾਰ:- ਸਾਡਾ ਪੰਜਾਬੀ ਸੱਭਿਆਚਾਰ ਵਿਸ਼ਵ ਪ੍ਰਸਿੱਧ ਹੈ।

ਸੁਹਾਗ:-ਕੁੜੀਆਂ ਦੇ ਵਿਆਹ ਤੇ ਸੁਹਾਗ ਗਾਏ ਜਾਂਦੇ ਹਨ।

**ਔਖੇ ਸ਼ਬਦਾਂ ਦੇ ਅਰਥ ਲਿਖੋ:**

| | | |
|---|---|---|
| ਸੁਰੀਲੀ | : | ਮਿੱਠੀ ਸੁਰ ਵਿੱਚ |
| ਸ਼ੁਹਰਤ | : | ਪ੍ਰਸਿੱਧੀ |
| ਪ੍ਰਬਲ ਇੱਛਾ | : | ਤੀਬਰ ਇੱਛਾ |
| ਇਲਾਹੀ ਸਰੂਰ | : | ਰੱਬੀ ਮਸਤੀ |
| ਅਪਾਰ ਕਿਰਪਾ | : | ਅਤਿਅੰਤ ਮਿਹਰ |
| ਦਹਾਕਾ | : | ਦਸ ਵਰ੍ਹਿਆਂ ਦਾ ਸਮਾਂ |
| ਉਸਤਾਦ | : | ਸਿੱਖਿਅਕ |
| ਰਿਆਜ਼ | : | ਅਭਿਆਸ |
| ਸ੍ਰੋਤੇ | : | ਸੁਣਨ ਵਾਲ਼ੇ |
| ਸਮਰੱਥਾ | : | ਯੋਗਤਾ |
| ਸਮਰਪਿਤ | : | ਅਰਪਣ ਕੀਤਾ ਹੋਇਆ |
| ਭਰਪੂਰ | : | ਪੂਰਨ |

# ਪਾਠ 4  ਘੜੇ ਦਾ ਪਾਣੀ



ਪ੍ਰਸ਼ਨ:-ਘੜੇ ਦੇ ਹੋਰ ਰੂਪ ਕਿਹੜੇ-ਕਿਹੜੇ ਹਨ?

ਉੱਤਰ:- ਘੜੇ ਦੇ ਹੋਰ ਰੂਪ ਚਾਟੀ, ਝੱਕਰਾ, ਝੱਕਰੀ, ਤੌੜੀ ਹਨ।

ਪ੍ਰਸ਼ਨ:-ਘੜੇ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ?

ਉੱਤਰ:-ਘੜੇ ਦੀ ਵਰਤੋਂ ਪੀਣ ਵਾਲੇ ਪਾਣੀ ਨੂੰ ਸੰਭਾਲਣ ਤੋਂ ਇਲਾਵਾ ਇੱਕ ਵਜੰਤਰੀ ਸਾਜ਼ ਵਜੋਂ ਵੀ ਕੀਤੀ ਜਾਂਦੀ ਹੈ।

ਪ੍ਰਸ਼ਨ:-ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕੀ ਕੀਤਾ ਜਾਂਦਾ ਸੀ?

ਉੱਤਰ:-ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਥਾਂ-ਥਾਂ ਤੇ ਪਿਆਉ ਬਿਠਾਏ ਜਾਂਦੇ ਸਨ।

ਪ੍ਰਸ਼ਨ:-ਪੁਰਾਣੇ ਸਮਿਆਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਕੀ ਕੁਝ ਕਰਦੀਆਂ ਸਨ?

ਉੱਤਰ:- ਪੁਰਾਣੇ ਸਮਿਆਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਸਿਰਾਂ ਤੇ ਪਾਣੀ ਦੇ ਭਰੇ ਘੜੇ ਚੁੱਕ ਕੇ ਘਰ ਲਿਆਉਂਦੀਆਂ ਸਨ।ਉਹ ਇੱਕ ਦੂਜੀ ਤੋਂ ਵੱਧ ਪਾਣੀ ਦੇ ਭਰੇ ਘੜੇ ਚੁੱਕ ਕੇ ਲਿਆਉਣ ਦਾ ਮੁਕਾਬਲਾ ਵੀ ਕਰਦੀਆਂ ਹਨ।

ਪ੍ਰਸ਼ਨ:-ਅਜੋਕੇ ਸਮੇਂ ਵਿੱਚ ਘੜਾ ਕਿੰਨਾ ਕੁ ਮਹੱਤਵਪੂਰਨ ਹੈ?

ਉੱਤਰ:-ਅਜੋਕੇ ਸਮੇਂ ਵਿੱਚ ਫ਼ਰਿਜਾਂ ਆਉਣ ਕਰਕੇ ਘੜੇ ਦੀ ਮਹੱਤਤਾ ਘੱਟ ਗਈ ਹੈ ਪ੍ਰੰਤੂ ਘੜੇ ਦੇ ਪਾਣੀ ਨੂੰ ਉਪਯੋਗੀ ਮੰਨਿਆ ਗਿਆ ਹੈ,ਇਸ ਕਰਕੇ ਅੱਜ ਵੀ ਘੜਾ ਬਹੁਤ ਮਹੱਤਵਪੂਰਨ ਹੈ।

ਪ੍ਰਸ਼ਨ:-ਮਨੁੱਖੀ ਸਰੀਰ ਕਿਹੜੇ ਪੰਜ ਤੱਤਾਂ ਦਾ ਬਣਿਆ ਹੈ ਤੇ ਇਹ ਤੱਤ ਘੜੇ ਵਿੱਚ ਕਿਵੇਂ ਸਮਾਏ ਹੋਏ ਹਨ?

ਉੱਤਰ:-ਮਨੁੱਖੀ ਸਰੀਰ ਪੰਜ ਤੱਤਾਂ:ਮਿੱਟੀ,ਹਵਾ,ਪਾਣੀ,ਅਗਨੀ ਤੇ ਅਕਾਸ਼ ਦਾ ਬਣਿਆ ਹੁੰਦਾ ਹੈ।ਘੜੇ ਦਾ ਜਨਮ ਮਿੱਟੀ ਤੋਂ ਹੁੰਦਾ ਹੈ।ਮਿੱਟੀ ਪਾਣੀ ਵਿੱਚ ਗੁੰਨ੍ਹ ਕੇ,ਖੁੱਲੇ ਅਕਾਸ਼ ਹੇਠ,ਚੱਕ ਉੱਤੇ ਪੌਣ (ਹਵਾ) ਦੇ ਹਿਲੋਰਿਆਂ ਨਾਲ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ ਅਤੇ ਅਗਨੀ ਘੜੇ ਨੂੰ ਪਕਾਉਂਦੀ ਹੈ।

## ਪ੍ਰਸ਼ਨ:- ਪੜ੍ਹੋ,ਸਮਝੋ ਤੇ ਲਿਖੋ:

| | |
|---|---|
| ਚੰਗਾ | ਮੰਦਾ |
| ਅਸਲੀ | ਨਕਲੀ |
| ਖੁਸ਼ੀ | ਗਮੀ |
| ਸਾਫ਼ | ਗੰਦਾ |
| ਅੰਮ੍ਰਿਤ | ਜਹਿਰ |
| ਠੰਡਾ | ਤੱਤਾ |
| ਮਿੱਠਾ | ਕੌੜਾ |

| | |
|---|---|
| ਵਿਆਹੀਆਂ | ਕੁਆਰੀਆਂ |
| ਰਾਤ | ਦਿਨ |
| ਸਵੇਰ | ਸ਼ਾਮ |
| ਸਰਦੀ | ਗਰਮੀ |

## ਔਖੇ ਸ਼ਬਦਾਂ ਦੇ ਅਰਥ:

ਵਜੰਤਰੀ : ਸਾਜ਼ ਵਜਾਉਣ ਵਾਲਾ

ਅਠਖੇਲੀਆਂ : ਮਸਤੀ

ਵਹਿੰਗੀ : ਚੀਜ਼ਾਂ ਰੱਖਣ ਲਈ ਤੱਕੜੀ ਵਰਗੀ ਦੋ ਛਾਬਿਆਂ ਵਾਲੀ ਚੀਜ਼

ਚਹਿਲ-ਪਹਿਲ : ਰੌਣਕ

ਸ਼ਰੀਕ : ਭਾਈਵਾਲ

ਤੰਦਰੁਸਤ : ਸਿਹਤਮੰਦ

ਬਹੁੜਦਾ : ਪਹੁੰਚਦਾ

ਮੰਤਵ : ਉਦੇਸ਼

ਲੋਪ ਹੋਣਾ : ਗੁਆਚ ਜਾਣਾ

ਗੁਣਕਾਰੀ : ਲਾਭਦਾਇਕ

## ਵਾਕਾਂ ਵਿੱਚ ਵਰਤੋ:

ਇਤਰਾਜ਼:-ਚੰਗੇ ਕੰਮਾਂ ਲਈ ਕੀਤੀ ਸੇਵਾ ਤੇ ਕੋਈ ਇਤਰਾਜ਼ ਨਹੀਂ ਕਰਦਾ।

ਸਮਾਗਮ:-ਸਾਡੇ ਪਿੰਡ ਅੱਜ ਧਾਰਮਿਕ ਸਮਾਗਮ ਹੈ।

ਪਰੰਪਰਾ:-ਸਾਡੇ ਪਿੰਡ ਵਿੱਚ ਮੇਲਾ ਕਰਾਉਣ ਦੀ ਪਰੰਪਰਾ ਸਦੀਆਂ ਤੋਂ ਚਲੀ ਆ ਰਹੀ ਹੈ।

ਪਰਉਪਕਾਰੀ:-ਸਾਨੂੰ ਸਮਾਜ ਵਿੱਚ ਪਰਉਪਕਾਰੀ ਕੰਮ ਕਰਨੇ ਚਾਹੀਦੇ ਹਨ।

ਅਠਖੇਲੀਆਂ:-ਕੁਦਰਤ ਸਾਡੇ ਨਾਲ ਅਠਖੇਲੀਆਂ ਕਰ ਰਹੀ ਹੈ।

ਗ਼ਾਇਬ:-ਘੜਾ ਘਰਾਂ ਵਿੱਚੋਂ ਗਾਇਬ ਹੋ ਗਿਆ ਹੈ।

ਕਾਰੀਗਰ:-ਸਾਡੇ ਘਰ ਕਾਰੀਗਰ ਕੰਮ ਕਰ ਰਿਹਾ ਹੈ।

ਚਮਤਕਾਰ:-ਕਾਰੀਗਰ ਨੇ ਵਧੀਆ ਕੰਮ ਕਰਕੇ ਚਮਤਕਾਰ ਕਰ ਦਿੱਤਾ।

ਖ਼ਰੀਦਦਾਰ:-ਅੱਜਕੱਲ੍ਹ ਦੁਕਾਨਾਂ ਤੇ ਖ਼ਰੀਦਦਾਰ ਨਹੀਂ ਆ ਰਹੇ।